# 2026-27

## ਅੰਕ-ਵੰਡ ਯੋਜਨਾ (Marking Scheme)

## ਨਮੂਨੇ ਦਾ ਪ੍ਰਸ਼ਨ-ਪੱਤਰ - **ਪੰਜਾਬੀ-018**

## PUNJABI- 018

## (ਆਲ ਇੰਡੀਆ ਸੈਕੰਡਰੀ ਸਕੂਲ ਪ੍ਰੀਖਿਆ)

Time allowed : 3 hours — Maximum Marks : 80

ਸਮਾਂ ਸੀਮਾ : 3 ਘੰਟੇ — ਪੂਰਨ ਅੰਕ : 80

### ਭਾਗ -1 ਪੜ੍ਹਨ ਕੌਸ਼ਲ (Part – I : Reading Skill)

1. **ਅਣਡਿੱਠਾ ਪੈਰ੍ਹਾ** **6X1=6**

i) (C) ਸਫਾਈ ਦਾ

ii) (C) ਘਰ ਅਤੇ ਆਲੇ-ਦੁਆਲੇ ਦੀ

iii) (A) ਹੱਥ

iv) (B) ਹੱਥ ਧੋਣੇ ਚਾਹੀਦੇ ਹਨ

v) (C) ਯੋਗਦਾਨ

vi) (C) ਸਫ਼ਾਈ

2. **ਅਣਡਿੱਠੀ ਕਾਵਿ ਟੁਕੜੀ** **4X1=4**

i) ਕਵੀ ਅਨੁਸਾਰ ਨੰਬਰ ਵਨ ਸੂਬਾ ਰੁੱਖ ਲਗਾ ਕੇ ਬਣਾਇਆ ਜਾ ਸਕਦਾ ਹੈ।

ii) ਧਰਤੀ ਤੇ ਪਾਣੀ,ਰੁੱਖ ਅਤੇ ਕੁੱਖ ਸੁਰੱਖਿਅਤ ਰੱਖਣ ਦੀ ਲੋੜ ਹੈ।

iii) ਧੀ ਜੰਮਣ ਤੇ ਰੁੱਖ ਇਸ ਲਈ ਲਗਾਉਣਾ ਚਾਹੀਦਾ ਹੈ ਕਿਉਂਕਿ ਰੁੱਖਾਂ ਤੋਂ ਬਿਨਾਂ ਧਰਤੀ ਇੰਜ ਹੁੰਦੀ ਹੈ ਜਿਵੇਂ ਬੱਚਿਆਂ ਤੋਂ ਬਿਨਾਂ ਮਾਂ ਹੁੰਦੀ ਹੈ।

iv) ਰੁੱਖ ਲਗਾ ਕੇ ਸਾਰੇ ਜੱਗ ਦਾ ਭਲਾ ਹੋਵੇਗਾ ਤਾਂ ਹੀ ਜੱਗ ਤੋਂ ਦੁਆਵਾਂ ਮਿਲ ਸਕਦੀਆਂ ਹਨ।

## ਭਾਗ - II ਵਿਆਕਰਨ (Part-II Grammar)

3. ਸਮਾਸੀ ਸ਼ਬਦ **2X1=2**

(i) (C) ਦਿਸ਼ਾ ਤੋਂ ਹੀਣ

(ii) (D) ਖੇਡ-ਮੈਦਾਨ

(iii) (A) ਪਗ-ਡੰਡੀ

**4. ਬਹੁ ਅਰਥਕ ਸ਼ਬਦ**: **2X1=2**

(i) (A) ਠੀਕ , ਦਸਖਤ

(ii) (C) ਦਰਵਾਜ਼ਾ , ਮੁੱਲ

(iii) (B) ਸਨਮਾਨ , ਸਰੋਵਰ

**5. ਕਿਰਿਆ ਵਿਸ਼ੇਸ਼ਣ**: **2X1=2**

(i) (C) ਅੱਠ

(ii) (D) ਕਿਉਂ/ਇਸਲਈ

(iii) (B) ਕਾਲਵਾਚਕ

**6. ਅਗੇਤਰ-ਪਿਛੇਤਰ** **1+1=2**

i) ਅਗੇਤਰ :

ਹਮ – ਹਮਦਰਦ, ਹਮਸਫ਼ਰ, ਹਮਉਮਰ, ਹਮਸ਼ਕਲ

ਖੁਸ਼ – ਖੁਸ਼ਕਿਸਮਤ, ਖੁਸ਼ਨਸੀਬ, ਖੁਸ਼ਦਿਲ,ਖੁਸ਼ਬੂ

ii) ਪਿਛੇਤਰ:

ਕਾਰ – ਕਲਾਕਾਰ, ਸ਼ਾਹੂਕਾਰ, ਕਹਾਣੀਕਾਰ, ਸਾਹਿਤਕਾਰ

ਦਾਨੀ – ਮੱਛਰਦਾਨੀ, ਸੁਰਮੇਦਾਨੀ, ਚੂਹੇਦਾਨੀ, ਮਸਾਲੇਦਾਨੀ

**7. ਮੁਹਾਵਰੇ** **4X1=4**

(i) ਕੱਖ ਨਾ ਰਹਿਣਾ - ਬਿਲਕੁਲ ਖਤਮ ਹੋ ਜਾਣਾ

(ii) ਖਿੱਲੀ ਉਡਾਉਣਾ – ਮਖੌਲ ਉਡਾਉਣਾ

(iii) ਗਿਰਗਿਟ ਵਾਂਗ ਰੰਗ ਬਦਲਣਾ – ਝੱਟ-ਪੱਟ ਖਿਆਲ ਬਦਲਣਾ

(iv) ਘੜੀਆਂ ਟਪਾਉਣੀਆਂ – ਜੀਵਨ ਦੇ ਦਿਨ ਪੂਰੇ ਕਰਨੇ

(v) ਚਰਨ ਧੋ ਕੇ ਪੀਣੇ – ਬਹੁਤ ਆਦਰ ਕਰਨਾ

(vi) ਛਾਪਾ ਮਾਰਨਾ – ਬੇਖਬਰੀ ਵਿੱਚ ਅਚਾਨਕ ਹਮਲਾ ਕਰਨਾ

## ਭਾਗ-III: ਪ੍ਰਭਾਵਸ਼ਾਲੀ ਲਿਖਣ ਕੌਸ਼ਲ (Part-III: Writing Skills)

### 8. **ਲੇਖ ਰਚਨਾ** : **1X8=8**

ਵਿਦਿਆਰਥੀ ਆਪਣੀ ਸੋਚ ਤੇ ਸਮਝ ਅਨੁਸਾਰ ਉੱਤਰ ਦੇਣਗੇ, ਸੋ ਸ਼ਬਦ ਸੀਮਾ ਤੋਂ ਘੱਟ/ ਵੱਧ ਸ਼ਬਦਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ, ਵਿਦਿਆਰਥੀਆਂ ਦੇ ਵਿਚਾਰਾਂ, ਪੇਸ਼ਕਾਰੀ, ਤੱਥਾਂ ਅਤੇ ਸਮਝ ਅਨੁਸਾਰ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ ਬਣਦੇ ਅੰਕ ਦਿੱਤੇ ਜਾਣ।

ਵਿਦਿਆਰਥੀ ਦਿੱਤੇ ਗਏ ਨੁਕਤਿਆਂ ਤੋਂ ਇਲਾਵਾ ਹੋਰ ਨੁਕਤੇ ਵੀ ਲੇਖ ਵਿੱਚ ਲਿਖ ਸਕਦੇ ਹਨ, ਪ੍ਰਮਾਣਿਕਤਾ ਅਨੁਸਾਰ ਬਣਦੇ ਅੰਕ ਦਿੱਤੇ ਜਾਣ। ਲੇਖ ਵਿੱਚ ਵਰਤੀਆਂ ਗੁਰਬਾਣੀ ਦੀਆਂ ਤੁਕਾਂ/ਹੋਰ ਵੇਰਵਿਆਂ ਦੀ ਸਾਰਥਕਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

ਅੰਕ ਵੰਡ ਇਸ ਪ੍ਰਕਾਰ ਹੋਵੇਗੀ:

ਭੂਮਿਕਾ ਤੇ ਸਾਰੰਸ਼ : 1 ਅੰਕ

ਪੇਸ਼ਕਾਰੀ : 2 ਅੰਕ

ਵਿਸ਼ੇ ਦਾ ਗਿਆਨ : 3 ਅੰਕ

ਸ਼ਬਦ-ਚੋਣ ਤੇ ਸ਼ਬਦ-ਜੋੜ : 2 ਅੰਕ

### 9. **ਪੱਤਰ ਰਚਨਾ** **1X6=6**

ਨੋਟ: ਵਿਦਿਆਰਥੀ ਦਿੱਤੇ ਗਏ ਨੁਕਤਿਆਂ ਤੋਂ ਇਲਾਵਾ ਹੋਰ ਨੁਕਤੇ ਵੀ ਪੱਤਰ ਵਿੱਚ ਲਿਖ ਸਕਦੇ ਹਨ। ਸੋ ਵਿਦਿਆਰਥੀਆਂ ਦੇ ਵਿਚਾਰਾਂ ਅਤੇ ਸਮਝ ਅਨੁਸਾਰ ਨੁਕਤਿਆਂ ਦੀ ਪ੍ਰਮਾਣਿਕਤਾ ਨੂੰ ਮੁੱਖ ਰੱਖਦੇ ਹੋਏ ਬਣਦੇ ਅੰਕ ਦਿੱਤੇ ਜਾਣੇ।

ਅੰਕ ਵੰਡ ਇਸ ਪ੍ਰਕਾਰ ਹੋਵੇਗੀ:

ਅਰੰਭਲਾ ਭਾਗ : 2 ਅੰਕ

ਵਿਚਕਾਰਲਾ ਭਾਗ :3 ਅੰਕ

ਅੰਤਲਾ ਭਾਗ :1 ਅੰਕ

### **10. ਤਸਵੀਰ ਵਰਨਣ** **1X4=4**

ਵਿਦਿਆਰਥੀ ਆਪਣੀ ਸਮਝ ਸੂਝ ਅਨੁਸਾਰ ਵਿਚਾਰ ਪੇਸ਼ ਕਰੇਗਾ। ਵਿਦਿਆਰਥੀਆਂ ਦੇ ਵੇਰਵਿਆਂ, ਤੱਥਾਂ ਤੇ ਪੇਸ਼ਕਾਰੀ ਨੂੰ ਮੁੱਖ ਰੱਖਦੇ ਹੋਏ ਬਣਦੇ ਅੰਕ ਦਿੱਤੇ ਜਾਣ।

### ਨੋਟ : **ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ**

ਵਿਦਿਆਰਥੀ ਆਪਣੀ ਜਾਣਕਾਰੀ,ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ।

# ਭਾਗ - IV : ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ

## Part - IV :Text Books based questions

**11.ਕਹਾਣੀ ਤੇ ਵਾਰਤਕ ਵਿੱਚੋਂ -** **5X1=5**

i) (B) ਕੁਲਫ਼ੀ

ii) (D) ਕਰਤਾਰ ਸਿੰਘ ਦੀ ਮਾਂ

iii) (D) ਉਪਰੋਕਤ ਸਾਰੇ

iv) (B) ਬੋਲੀ

v) (A) ਇੱਕ ਪੁਰਾਣੀ ਪੋਥੀ

vi) (D) ਸ਼ਹਿਤੂਤ ਦਾ

12. **ਕਵਿਤਾ ਤੇ ਇਕਾਂਗੀ ਵਿੱਚੋਂ -** **5X1=5**

i) (A) ਇਸਤਰੀ ਨੂੰ

ii) (C) ਪਰਮਾਤਮਾ ਨਾਲ

iii) (B) ਪਰਮਾਤਮਾ

iv) (A) ਕੌੜਾ

v) (C) ਲਗਭਗ ਪੰਜਾਹ ਸਾਲ

vi) (D) ਨਨਾਣ-ਭਰਜਾਈ

**13. ਕਹਾਣੀ ਤੇ ਵਾਰਤਕ ਵਿੱਚੋਂ -** **4X1=4**

i) ਤੁਰਨ ਨਾਲ

ii) ਚੜਿਕ

iii) ਰੁਹਤਾਸ ਦੇ ਕਿਲ੍ਹੇ ਵਿੱਚ

iv) ਡਾਕੀਆ

v) ਖਾਦ ਖਰੀਦਣ ਲਈ

14. **ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ -** **7X2=14**

i) ਲੇਖਕ ਮਾਲਕ ਤੋਂ ਤਨਖਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਰ ਰਿਹਾ ਸੀ ਕਿਉਂਕਿ ਉਸਨੂੰ ਲੱਗਦਾ ਸੀ ਕੀ ਉਸਦੇ ਇਕੱਲੇ ਦੀ ਅਵਾਜ਼ ਕਿਸੇ ਨੇ ਨਹੀਂ ਸੁਣਨੀ। ਤਨਖਾਹ ਵਧਾਉਣ ਦੀ ਮੰਗ ਕਰਨ 'ਤੇ ਉਸਨੂੰ ਨੌਕਰੀ ਦੇ ਖੁੱਸ ਜਾਣ ਦਾ ਵੀ ਦਰ ਸੀ ਤੇ ਬੇਰੁਜ਼ਗਾਰੀ ਦਾ ਭਵਿੱਖ ਉਸਨੂੰ ਬਹੁਤ ਹੀ ਮਾੜਾ ਲੱਗ ਰਿਹਾ ਸੀ।

ii) ਕਰਤਾਰ ਸਿੰਘ ਦਾ ਸ਼ਰਾਬ ਪੀਣਾ, ਅਫੀਮ ਦਾ ਨਸ਼ਾ ਕਰਨਾ ਤੇ ਇਸ ਤੋਂ ਇਲਾਵਾ ਵੀ ਹੋਰ ਕੈ ਤਰ੍ਹਾਂ ਦੀਆਂ ਨਸ਼ੇ ਦੀਆਂ ਦਵਾਈਆਂ ਦਾ ਆਦੀ ਹੋਣਾ ਉਸ ਦੇ ਛੋਟੀ ਉਮਰੇ ਦੁਨੀਆ ਤੋਂ ਤੁਰ ਜਾਣ ਦਾ ਕਾਰਨ ਬਣਿਆ।

iii) ਕਰਮ ਸਿੰਘ ਦੇ ਘਰਦਿਆਂ ਨੇ ਮਾਨ ਸਿੰਘ ਦੀ ਛੁੱਟੀ ਖਰਾਬ ਹੋਣ ਤੋਂ ਬਚਾਉਣ ਲਈ ਕਰਮ ਸਿੰਘ ਦੀ ਮੌਤ ਦੀ ਖਬਰ ਉਸ ਕੋਲੋਂ ਲੁਕੋ ਕੇ ਰੱਖੀ। ਉਹਨਾਂ ਨੇ ਉਸ ਨਾਲ ਅਪਣਤ ਵਾਲਾ ਤੇ ਨਿੱਘਾ ਵਿਹਾਰ ਨਾ ਕੀਤਾ।

iv) ਲੇਖਕ ਅਨੁਸਾਰ ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿੱਚ ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ। ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ, ਲਿਤਾੜ ਕੇ ਕਮਾਈ ਕਰਕੇ ਮੁੜ ਆਉਣ ਨੂੰ ਜੀਅ ਕਰਦਾ ਹੈ। ਜਿੱਥੇ ਬੁਢਾਪੇ ਵਿੱਚ ਅਰਾਮ ਨਾਲ ਜੀਵਨ ਜਿਊਣ ਦਾ ਸੁਆਦ ਆਉਂਦਾ ਹੈ।

v) ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਜਿਸ ਤਰ੍ਹਾਂ ਦੇ ਮਾਹੌਲ ਦੀ ਬੋਲੀ ਵਿੱਚ ਮਨੁੱਖ ਦਾ ਬਾਲਪਨ ਬਤੀਤ ਹੁੰਦਾ ਹੈ, ਉਹੋ ਜਿਹੀ ਉਸ ਦੀ ਬੋਲੀ ਬਣ ਜਾਂਦੀ ਹੈ।

vi) ਇੱਕ ਵਾਰੀ ਲੇਖਕ ਦੇ ਬਾਬੇ ਛਾਪੇ ਪਿੰਡ ਵਿਖੇ ਆਪਣੇ ਰਿਸ਼ਤੇਦਾਰਾਂ ਦੇ ਘਰ ਵਿਆਹ ਤੇ ਗਏ ਅਤੇ ਘਰ ਵਾਲਿਆਂ ਵੱਲੋਂ ਮੇਲ-ਗੇਲ ਲਈ ਬਣਾਇਆ ਪ੍ਰਸ਼ਾਦ ਦਾ ਕੜਾਹ ਚਟਮ ਕਰ ਗਏ। ਜਿਸ ਕਾਰਨ ਛਾਪੇ ਵਾਲਿਆਂ ਨੇ ਉਹਨਾਂ ਨਾਲ ਮਿਲਣਾ-ਵਰਤਣਾ ਬੰਦ ਕਰ ਦਿੱਤਾ।

vii) ਜਦੋਂ ਔਰੰਗਜ਼ੇਬ ਨੱਚਣ ਦੀਆਂ ਆਵਾਜ਼ਾਂ ਸੁਣਦਾ ਹੈ ਤਾਂ ਉਹ ਗੁੱਸੇ ਵਿੱਚ ਆ ਕੇ ਕਹਿੰਦਾ ਹੈ ਕਿ ਸ਼ਾਹੀ ਮਹੱਲ ਵਿੱਚ ਇਹ ਨਾਚ ਕਿਵੇਂ ਹੋ ਸਕਦਾ ਹੈ। ਇੱਥੇ ਇਸ ਦੀ skht ਮਨਾਹੀ ਹੈ। ਉਹ ਇਸ ਨਾਚ-ਗਾਣੇ ਦੀਆਂ ਆਵਾਜ਼ਾਂ ਅਤੇ ਸਾਜ਼ਾਂ ਨੂੰ ਤੁਰੰਤ ਬੰਦ ਕਰਨ ਦਾ ਹੁਕਮ ਦਿਨਦਾ ਹੈ।

viii) ਨਿਹਾਲ ਕੌਰ ਆਪਣੀ ਨੂੰਹ ਮਨਜੀਤ ਤੋਂ ਦੂਜੇ ਵਿਆਹ ਦੀਆਂ ਧਮਕੀਆਂ ਦੇਣ ਲਈ ਮਾਫ਼ੀ ਮੰਗਦੀ ਹੈ ਕਿਉਂਕਿ ਉਹ ਆਪ ਦੂਜੇ ਵਿਆਹ ਦਾ ਦੁੱਖ ਭੋਗ ਚੁੱਕੀ ਹੈ।

**15. ਕਵਿਤਾ ਤੇ ਵਾਰਤਕ ਵਿੱਚੋਂ** **2X4=8**

(i) (A) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਬਾਅਦ ਪਖੰਡੀ ਅਲੋਪ ਹੋ ਗਏ। ਗੁਰੂ ਜੀ ਦੇ ਉਪਦੇਸ਼ ਸੁਣ ਕੇ ਵਹਿਮਾਂ-ਭਰਮਾਂ ਦਾ ਨਾਸ ਹੋ ਗਿਆ। ਗੁਰੂ ਜੀ ਦੀ ਚਰਨ-ਛੁਹ ਪ੍ਰਾਪਤ ਕਰਕੇ ਹਰ ਥਾਂ ਪੂਜਣ ਯੋਗ ਹੋ ਗਈ। ਘਰ-ਘਰ ਅੰਦਰ ਧਰਮਸ਼ਾਲਾ ਬਣ ਗਈ ਅਤੇ ਉੱਥੇ ਕੀਰਤਨ ਹੋਣ ਲੱਗ ਪਏ।

**ਜਾਂ (or)**

(B) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਦਾ ਵਿਸ਼ਾ ਪਰਮਾਤਮਾ ਨੂੰ ਮਾਤਾ, ਪਿਤਾ, ਭਰਾ,ਰਿਸ਼ਤੇਦਾਰ ਆਦਿ ਵੱਖ-ਵੱਖ ਰਿਸ਼ਤਿਆਂ ਦੇ ਰੂਪ ਵਿੱਚ ਦੇਖਣ ਨਾਲ ਸੰਬੰਧਿਤ ਹੈ। ਪਰਮਾਤਮਾ ਹਰ ਥਾਂ ਤੇ ਜੀਵ ਦਾ ਰਾਖਾ ਹੈ। ਸਾਰੇ ਜੀਵ ਪਰਮਾਤਮਾ ਦੇ ਹੀ ਪੈਦਾ ਕੀਤੇ ਹੋਏ ਹਨ। ਇਹ ਜਗਤ-ਅਖਾੜਾ ਉਸ ਦੀ ਹੀ ਖੇਡ ਹੈ। ਆਪਣੀ ਇੱਛਾ ਅਨੁਸਾਰ ਹੀ (ਪਰਮਾਤਮਾ ਨੇ) ਜੀਵਾਂ ਨੂੰ ਵੱਖ-ਵੱਖ ਕੰਮਾਂ ਵਿੱਚ ਲਾਇਆ ਹੋਇਆ ਹੈ। ਪਰਮਾਤਮਾ ਦਾ ਨਾਂ ਸਿਮਰ ਕੇ ਹੀ ਆਤਮਿਕ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ।

(ii) (A) ਪ੍ਰਿੰ. ਤੇਜਾ ਸਿੰਘ ਦਾ ਬਚਪਨ ਪਿੰਡ ਅਡਿਆਲੇ ਵਿੱਚ ਬਤੀਤ ਹੋਇਆ। ਉਹ ਆਪਣੇ ਪਿੰਡ ਅਡਿਆਲੇ ਦੇ ਕੱਚੇ ਕੋਠੇ ਅਤੇ ਉਸ ਵਿੱਚ ਰਹਿੰਦੇ ਲੋਕਾਂ ਪ੍ਰਤੀ ਪ੍ਰੇਮ ਪ੍ਰਗਟਾਉਂਦੇ ਹਨ। ਜਦੋਂ ਉਹ ਰਾਵਲਪਿੰਡੀ ਪੜ੍ਹਨ ਗਏ ਤਾਂ ਹਰ ਐਤਵਾਰ ਨੂੰ ਆਪਣੇ ਪਿੰਡ ਜਾਂਦੇ ਸਨ। ਉਹਨਾਂ ਦਾ ਪਿੰਡ ਇੱਕ ਟਿੱਬੇ ਦੇ ਉਹਲੇ ਸੀ। ਉਹ ਉੱਥੇ ਪਹੁੰਚ ਕੇ ਰੁਕ ਜਾਂਦਾ ਅਤੇ ਪੂਰੀ ਰੀਝ ਨਾਲ ਆਪਣੇ ਪਿੰਡ ਨੂੰ ਦੇਖਣ ਦਾ ਹੌਸਲਾ ਕਰਦਾ । ਛੁੱਟੀ ਕੱਟਣ ਤੋਂ ਬਾਅਦ ਵਾਪਸੀ ਵੇਲੇ ਵੀ ਉਹ ਇਸ ਤਰ੍ਹਾਂ ਹੀ ਕਰਦਾ ਸੀ। ਬਹੁਤੀ ਵਾਰ ਤਾਂ ਪਿੱਛੇ ਮੁੜ ਕੇ ਆ ਕੇ ਆਪਣੇ ਪਿੰਡ ਨੂੰ ਵੇਖਣ ਜਾਂਦਾ ਸੀ।

**ਜਾਂ (or)**

(B) ਪੈਦਲ ਤੁਰਿਆਂ ਮਨੁੱਖ ਆਪਣਾ-ਆਪ ਕੁਦਰਤ ਦੇ ਹਵਾਲੇ ਕਰ ਦਿੰਦਾ ਹੈ। ਉਸ ਦਾ ਪ੍ਰਕਿਰਤੀ ਨਾਲ ਨਾਤਾ ਜੁੜ ਜਾਂਦਾ ਹੈ ਜੋ ਮਨ ਨੂੰ ਅਮੀਰ ਤੇ ਦਿਲ ਨੂੰ ਵਿਸ਼ਾਲ ਕਰ ਦਿੰਦਾ ਹੈ। ਉਸਦੀ ਪੰਛੀਆਂ, ਰੁੱਖਾਂ,ਫੁੱਲਾਂ ਆਦਿ ਨਾਲ ਦੋਸਤੀ ਹੋ ਜਾਂਦੀ ਹੈ। ਰੁੱਖ ਜਿਵੇਂ ਕਵਿਤਾ ਬਣ ਜਾਂਦੇ ਹਨ। ਕੁਦਰਤ ਇੱਕ ਆਤਮਿਕ ਆਨੰਦ ਪ੍ਰਦਾਨ ਕਰਦੀ ਹੈ।

**16. ਇਕਾਂਗੀ ਵਿੱਚੋਂ** **1X4=4**

(i) ਜ਼ੀਨਤ ਨੂੰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਣ ਵੱਲੋਂ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕੀਤੇ ਜਾਣ ਦੀ ਖਬਰ ਪਤਾ ਲੱਗਦੀ ਹੈ, ਤਾਂ ਉਹ ਬਹੁਤ ਦੁਖੀ ਹੁੰਦੀ ਹੈ। ਉਹ ਔਰੰਗਜ਼ੇਬ ਨੂੰ ਕਹਿੰਦੀ ਹੈ ਕਿ ਇਹ ਤਾਂ ਜ਼ੁਲਮ ਦੀ ਇੰਤਹਾ ਹੈ। ਖ਼ੁਦਾ ਉਸਨੂੰ ਕਦੇ ਵੀ ਮੁਆਫ਼ ਨਹੀਂ ਕਰੇਗਾ। ਉਹ ਔਰੰਗਜ਼ੇਬ ਨੂੰ ਯਾਦ ਕਰਵਾਉਂਦੀ ਹੈ ਕਿ ਉਹ ਆਪਣੇ ਬੇਟੇ ਅਤੇ ਬੇਟੀ ਦੇ ਮਰਨ ਤੇ ਬਹੁਤ ਰੋਇਆ ਸੀ । ਉਹ ਗੁਰੂ ਜੀ ਦੇ ਬੱਚਿਆਂ ਦੀ ਸ਼ਹੀਦੀ 'ਤੇ ਚੁੱਪ ਕਿਉਂ ਖੜਾ ਹੈ? ਇਹ ਗੁਨਾਹ ਭਰਾਵਾਂ ਦੇ ਕਤਲ ਤੋਂ ਵੀ ਵੱਡਾ ਹੈ ਤੇ ਇਸ ਲਈ ਔਰੰਗਜ਼ੇਬ ਦੀ ਰੂਹ ਨੂੰ ਕਦੇ ਚੈਨ ਨਹੀਂ ਆਵੇਗਾ।

(ii) ਨਿਹਾਲ ਕੌਰ ਆਪਣੇ ਪੁੱਤਰ ਸੁਖਦੇਵ ਦਾ ਦੂਜਾ ਵਿਆਹ ਕਰਵਾਉਣ ਦੀਆਂ ਧਮਕੀਆਂ ਮਨਜੀਤ ਨੂੰ ਦਿੰਦੀ ਹੈ ਕਿਉਂਕਿ ਉਹਨਾਂ ਦੇ ਵਿਆਹ ਨੂੰ ਢਾਈ ਸਾਲ ਹੋ ਚੁੱਕੇ ਸਨ ਪਰ ਉਸਦੇ ਕੋਈ ਬੱਚਾ ਨਹੀਂ ਹੋਇਆ । ਉਹ ਸਮੇਂ-ਸਮੇਂ 'ਤੇ ਮਨਜੀਤ ਦੇ ਕੰਮਾਂ ਵਿੱਚ ਨੁਕਸ ਕੱਢਦੀ ਰਹਿੰਦੀ ਹੈ ਅਤੇ ਸੁਖਦੇਵ ਦੇ ਦੂਜੇ ਵਿਆਹ ਦਾ ਡਰ ਦਿੰਦੀ ਹੈ। ਸੁਖਦੇਵ ਉਸਨੂੰ ਦੱਸਦਾ ਹੈ ਕਿ ਇਸ ਵਿੱਚ ਉਸਦੀ ਮਾਂ ਦਾ ਕੋਈ ਕਸੂਰ ਨਹੀਂ। ਉਸਨੂੰ ਸਾਰੀ ਉਮਰ ਬਾਪੂ ਵੱਲੋਂ ਦੂਜਾ ਵਿਆਹ ਕਰਵਾ ਲੈਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ। ਅੰਤ ਗੁਰਦਿੱਤ ਸਿੰਘ ਨੇ ਦੂਜਾ ਵਿਆਹ ਕਰਵਾ ਵੀ ਲਿਆ। ਨਿਹਾਲ ਕੌਰ ਸਮਝਦੀ ਹੈ ਕਿ ਇਸਤਰੀ ਤੇ ਕਾਬੂ ਰੱਖਣ ਲਈ ਦੂਜੇ ਵਿਆਹ ਦੀ ਧਮਕੀ ਜ਼ਰੂਰੀ ਹੈ।

-- 0 –